# Press Statement on recent comments by foreign individuals and entities on the farmers’ protests

February 03, 2021

---

## ਵਿਦੇਸ਼ੀ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਕੀਤੀਆਂ ਗਈਆਂ ਤਾਜ਼ਾ ਟਿੱਪਣੀਆਂ ਬਾਰੇ ਪ੍ਰੈਸ ਬਿਆਨ

3 ਫਰਵਰੀ, 2021

“ਭਾਰਤੀ ਸੰਸਦ ਨੇ ਪੂਰੀ ਬਹਿਸ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਖੇਤੀਬਾੜੀ ਖੇਤਰ ਨਾਲ ਜੁੜੇ ਸੁਧਾਰਵਾਦੀ ਕਾਨੂੰਨ ਪਾਸ ਕੀਤੇ ਹਨ। ਇਨ੍ਹਾਂ ਸੁਧਾਰਾਂ ਨਾਲ ਕਿਸਾਨਾਂ ਨੂੰ ਹੋਰ ਵੱਡਾ ਬਾਜ਼ਾਰ ਅਤੇ ਵਧੇਰੇ ਲਚਕ ਮਿਲਦੀ ਹੈ। ਇਨ੍ਹਾਂ ਕਾਨੂੰਨਾਂ ਨਾਲ ਆਰਥਿਕ ਅਤੇ ਵਾਤਾਵਰਣ ਪੱਖੋਂ ਟਿਕਾਊ ਖੇਤੀ ਦੀ ਰਾਹ ਵੀ ਪੱਧਰੀ ਹੁੰਦੀ ਹੈ।

ਭਾਰਤ ਦੇ ਕੁਝ ਹਿੱਸਿਆਂ ਵਿੱਚ ਕਿਸਾਨਾਂ ਦੇ ਬਹੁਤ ਛੋਟੇ ਜਿਹੇ ਵਰਗ ਦੇ ਮਨ 'ਚ ਇਨ੍ਹਾਂ ਸੁਧਾਰਾਂ ਬਾਰੇ ਕੁਝ ਡਰ ਹਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਭਾਰਤੀ ਸਰਕਾਰ ਨੇ ਇਨ੍ਹਾਂ ਦੇ ਨੁਮਾਇੰਦਿਆਂ ਨਾਲ ਲੜੀਵਾਰ ਗੱਲਬਾਤ ਸ਼ੁਰੂ ਕੀਤੀ ਹੈ। ਕੇਂਦਰੀ ਮੰਤਰੀ ਇਸ ਗੱਲਬਾਤ ਦਾ ਹਿੱਸਾ ਰਹੇ ਹਨ ਅਤੇ ਗੱਲਬਾਤ ਦੇ 11 ਗੇੜ ਪਹਿਲਾਂ ਹੀ ਹੋ ਚੁੱਕੇ ਹਨ। ਸਰਕਾਰ ਨੇ ਇਨ੍ਹਾਂ ਕਾਨੂੰਨਾਂ ਨੂੰ ਮੁਲਤਵੀ ਕਰਨ ਦੀ ਪੇਸ਼ਕਸ਼ ਵੀ ਕੀਤੀ ਹੈ, ਜੋ ਹੋਰ ਕਿਸੇ ਨੇ ਨਹੀਂ, ਸਗੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਕੀਤੀ ਹੈ।

ਇਸਦੇ ਬਾਵਜੂਦ ਮੰਦਭਾਗੀ ਗੱਲ ਹੈ ਕਿ ਸਵਾਰਥੀ ਹਿਤਾਂ ਵਾਲੇ ਸਮੂਹ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਉੱਤੇ ਆਪਣਾ ਏਜੰਡਾ ਥੋਪਣ ਅਤੇ ਇਨ੍ਹਾਂ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹਾ 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਦੇ ਮੌਕੇ 'ਤੇ ਬਹੁਤ ਮਾੜੇ ਰੂਪ ਵਿੱਚ ਸਾਮਣੇ ਆਇਆ। ਭਾਰਤੀ ਸੰਵਿਧਾਨ ਦੇ ਸ਼ੁਰੂ ਹੋਣ ਦੀ ਵਰ੍ਹੇਗੰਢ ਦੇ ਪਵਿੱਤਰ ਜਸ਼ਨ ਨੂੰ ਦਾਗ਼ਦਾਰ ਕੀਤਾ ਗਿਆ ਅਤੇ ਭਾਰਤੀ ਰਾਜਧਾਨੀ ਵਿੱਚ ਹਿੰਸਾ ਅਤੇ ਭੰਨਤੋੜ ਕੀਤੀ ਗਈ।

ਇਨ੍ਹਾਂ ਸਵਾਰਥੀ ਹਿੱਤਾਂ ਵਿੱਚੋਂ ਕੁਝ ਨੇ ਭਾਰਤ ਖਿਲਾਫ ਆਲਮੀ ਹਿਮਾਇਤ ਜੁਟਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਝੁੰਡਾਂ ਦੁਆਰਾ ਭੜਕਾਏ ਗਏ ਲੋਕਾਂ ਨੇ ਵਿਸ਼ਵ ਦੇ ਕੁਝ ਹਿੱਸਿਆਂ ਵਿੱਚ ਸਥਾਪਤ ਮਹਾਤਮਾ ਗਾਂਧੀ ਦੀਆਂ ਮੂਰਤੀਆਂ ਦੀ ਬੇਅਦਬੀ ਕੀਤੀ ਹੈ। ਇਹ ਸਭ ਭਾਰਤ ਅਤੇ ਹਰ ਪਾਸੇ ਸੱਭਿਅਕ ਸਮਾਜ ਲਈ ਬਹੁਤ ਪਰੇਸ਼ਾਨ ਕਰਨ ਵਾਲੀ ਗੱਲ ਹੈ।

ਭਾਰਤੀ ਪੁਲਿਸ ਬਲਾਂ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨਾਲ ਬਹੁਤ ਸੰਜਮ ਨਾਲ ਨਜਿੱਠਿਆ ਹੈ। ਇਹ ਗੱਲ ਧਿਆਨ ਦੇਣ ਯੋਗ ਕਿ ਸੈਂਕੜੇ ਮਰਦ ਅਤੇ ਔਰਤ ਪੁਲਿਸ ਕਰਮੀਆਂ 'ਤੇ ਸਰੀਰਕ ਹਮਲੇ ਹੋਏ ਹਨ, ਅਤੇ ਕੁਝ ਮਾਮਲਿਆਂ ਵਿੱਚ ਉਹ ਚਾਕੂਬਾਜ਼ੀ ਦੇ ਸਿੱਟੇ ਵਜੋਂ ਗੰਭੀਰ ਜ਼ਖਮੀ ਹੋਏ ਹਨ।

ਅਸੀਂ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਭਾਰਤ ਦੇ ਲੋਕਤੰਤਰੀ ਸਿਧਾਂਤਾਂ ਅਤੇ ਰਾਜ ਵਿਵਸਥਾ, ਅਤੇ ਸਰਕਾਰ ਅਤੇ ਸਬੰਧਤ ਕਿਸਾਨ ਸਮੂਹਾਂ ਦੁਆਰਾ ਇਸ ਸੰਕਟ ਨੂੰ ਸੁਲਝਾਉਣ ਦੇ ਯਤਨਾਂ ਦੇ ਪ੍ਰਸੰਗ ਵਿੱਚ ਵੇਖਿਆ ਜਾਣਾ ਚਾਹੀਦਾ ਹੈ।

ਅਜਿਹੇ ਮਾਮਲਿਆਂ 'ਤੇ ਫਟਾਫਟ ਟਿੱਪਣੀ ਕਰਨ ਤੋਂ ਪਹਿਲਾਂ ਅਸੀਂ ਤਾਕੀਦ ਕਰਦੇ ਹਾਂ ਕਿ ਤੱਥਾਂ ਦੀ ਘੋਖ ਕੀਤੀ ਜਾਵੇ ਅਤੇ ਹੱਥਲੇ ਮੁੱਦਿਆਂ ਦੀ ਸਹੀ ਸਮਝ ਵਿਕਸਤ ਕੀਤੀ ਜਾਵੇ। ਸੋਸ਼ਲ ਮੀਡੀਆ 'ਤੇ ਸਨਸਨੀਖੇਜ਼ ਹੈਸ਼ਟੈਗਾਂ ਅਤੇ ਟਿੱਪਣੀਆਂ ਕਰਨ ਦਾ ਮੋਹ, ਖ਼ਾਸਕਰ ਮਸ਼ਹੂਰ ਹਸਤੀਆਂ ਅਤੇ ਹੋਰਾਂ ਵੱਲੋਂ, ਨਾ ਤਾਂ ਸਹੀ ਹੈ ਅਤੇ ਨਾ ਹੀ ਜ਼ਿੰਮੇਵਾਰਾਨਾ ਹੈ।"

#IndiaTogether
# IndiaAgainstPropaganda

ਨਵੀਂ ਦਿੱਲੀ
3 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.